



1-855-626-0002
https://settlement.org/o2o



# Orientation to Ontario

## ਅੰਤਰਿਮ ਫ਼ੈਡਰਲ ਸਿਹਤ ਪ੍ਰੋਗਰਾਮ (INTERIM FEDERAL HEALTH-IFH)

IFH ਪ੍ਰੋਗਰਾਮ, ਕਨੇਡਾ ਵਿੱਚ ਵਿਸ਼ੇਸ਼ ਸਮੂਹਾਂ ਲਈ ਸੀਮਤ, ਆਰਜ਼ੀ ਸਿਹਤ ਬੀਮਾ ਮੁਹੱਈਆ ਕਰਦਾ ਹੈ। ਇਸ ਲਈ ਰਕਮਾਂ ਇਮੀਗ੍ਰੇਸ਼ਨ, ਸ਼ਰਣਾਰਥੀ ਅਤੇ ਕਨੇਡਾ ਦੀ ਨਾਗਰਿਕਤਾ ਵਲੋਂ ਦਿੱਤੀਆਂ ਜਾਂਦੀਆਂ ਹਨ।

### ਉਪਲਬਧ ਸੇਵਾਵਾਂ

- ਫਿਜ਼ੀਸ਼ੀਅਨ ਜਾਂ ਰਜਿਸਡਰਡ ਨਰਸ ਦੇ ਨਾਲ ਹੀ ਹਸਪਤਾਲ ਅਤੇ ਲੈਬ ਸਰਵਿਸਿਜ਼ ਤੋਂ ਸੇਵਾਵਾਂ।
- ਐਮਰਜੈਂਸੀ ਅਤੇ ਦੰਦਾਂ ਬਾਰੇ ਫ਼ੌਰੀ ਇਲਾਜ।
- ਦਵਾਈਆਂ ਦੀ ਪਰਚੀ, ਇਸ ਵਿੱਚ ਸੰਤਾਮ-ਸੰਜਮ ਦੀਆਂ ਗੋਲੀਆਂ ਸ਼ਾਮਿਲ ਹੁੰਦੀਆਂ ਹਨ।
- ਮੈਡੀਕਲ ਸਪਲਾਈਆਂ ਅਤੇ ਉਪਕਰਣ।
- ਸਿਹਤ-ਸੰਭਾਲ ਸਥਿਤੀਆਂ ਲਈ ਅਨੁਵਾਦ ਸੇਵਾਵਾਂ।

### ਯੋਗਤਾ

- ਸ਼ਰਣਾਰਥੀ ਦਾਅਵੇਦਾਰ
- ਮੁੜ-ਵਸਣ ਵਾਲੇ ਸ਼ਰਣਾਰਥੀ
- ਇਮੀਗ੍ਰੇਸ਼ਨ ਅਤੇ ਸ਼ਰਣਾਰਥੀ ਸੁਰੱਖਿਆ ਕਾਨੂੰਨ ਹੇਠ ਹਿਰਾਸਤ ਵਿਚਲੇ ਲੋਕ।

### ਕਸਟਮਸ 'ਤੇ ਜਾਓ।

IFH ਕਵਰੇਜ ਵਾਲੇ ਲੋਕ ਕਿਸੇ ਵੀ ਸਿਹਤ-ਸੰਭਾਲ ਪ੍ਰੋਵਾਈਡਰ ਤੋਂ ਸੇਵਾਵਾਂ ਲੈ ਸਕਦੇ ਹਨ, ਜੋ ਮੈਡਾਵੀ ਬਲਿਊ ਕ੍ਰੱਸ ਬੀਮਾ ਕੰਪਨੀ (Medavie Blue Cross insurance company) ਨਾਲ ਰਜਿਸਟਰਡ

ਆਪਣੇ ਇਲਾਕੇ ਵਿਚਲੇ ਰਜਿਸਟਰਡ ਸਿਹਤ-ਸੰਭਾਲ ਪੇਸ਼ੇਵਰਾਂ ਦੀ ਸੂਚੀ ਲਈ ifhp-pfsi.ca 'ਤੇ ਜਾਓ।

### ਲੋੜੀਂਦੇ ਦਸਤਾਵੇਜ਼

ਸਿਹਤ-ਸੰਭਾਲ ਪ੍ਰੋਵਾਈਡਰ ਕੋਲ ਜਾਣ ਲੱਗਿਆਂ, ਤੁਹਾਨੂੰ ਆਪਣੇ IFH ਯੋਗਤਾ ਦਸਤਾਵੇਜ਼ ਉਸ ਨੂੰ ਜ਼ਰੂਰ ਵਿਖਾਉਣੇ ਚਾਹੀਦੇ ਹਨ:

- ਸ਼ਰਣਾਰਥੀ ਸੁਰੱਖਿਆ ਦਾਅਵੇਦਾਰ ਸਬੰਧੀ ਦਸਤਾਵੇਜ਼ ਜਾਂ
- ਅੰਤਰਿਮ ਸਿਹਤ ਪ੍ਰੋਗਰਾਮ ਸਰਟੀਫ਼ਿਕੇਟ

### ਅਮਲ

ਜੇ ਤੁਸੀਂ IFH ਪ੍ਰੋਗਰਾਮ ਹੇਠ ਕਵਰੇਜ ਲਈ ਹੱਕਦਾਰ ਹੋ, ਤਾਂ ਤੁਸੀਂ ਪ੍ਰਾਪਤ ਕੀਤੀਆਂ ਗਈਆਂ ਸੇਵਾਵਾਂ ਜਾਂ ਉਤਪਾਦਾਂ ਲਈ ਭੁਗਤਾਨ ਨਹੀਂ ਕਰਦੇ। ਜੇ ਤੁਸੀਂ ਸੇਵਾ ਜਾਂ ਉਤਪਾਦ ਲਈ ਆਪਣੇ ਆਪ ਭੁਗਤਾਨ ਕਰਦੇ ਹੋ, ਤਾਂ IFH ਪ੍ਰੋਗਰਾਮ ਤੁਹਾਡੇ ਵਲੋਂ ਖ਼ਰਚ ਕੀਤੀ ਗਈ ਰਕਮ ਵਾਪਸ ਨਹੀਂ ਕਰੇਗਾ। ਸਿਹਤ-ਸੰਭਾਲ ਪ੍ਰੋਵਾਈਡਰ ਨੂੰ ਸਿੱਧਿਆਂ ਮੈਡਾਵੀ ਬਲਿਊ ਕ੍ਰੱਸ ਕੋਲ ਬਿੱਲ ਜ਼ਰੂਰ ਜਮ੍ਹਾ ਕਰਾਉਣਾ ਚਾਹੀਦਾ ਹੈ। ਤੁਹਾਨੂੰ ਦੇਖਭਾਲ ਮਿਲਣ ਤੋਂ ਬਾਅਦ, ਤੁਹਾਨੂੰ ਇੱਕ ਚਿੱਠੀ ਮਿਲ ਸਕਦੀ ਹੈ, ਜਿਸ ਵਿੱਚ ਪੁੱਛਿਆ ਜਾਂਦਾ ਹੈ ਕਿ ਤੁਸੀਂ ਸੇਵਾ ਦੀ ਪੁਸ਼ਟੀ ਕਰਦੇ ਹੋ। ਇਹ ਬਿੱਲ ਨਹੀਂ ਹੈ।

### ਜੇ IFH ਸਰਟੀਫ਼ਿਕੇਟ ਗੁੰਮ ਗਿਆ ਹੈ, ਤਾਂ ਕੀ ਹੁੰਦਾ ਹੈ?

ਜਿੰਨੀ ਛੇਤੀ ਸੰਭਵ ਹੋਵੇ, ਤੁਹਾਨੂੰ 1-888-242-2100 'ਤੇ IRCC ਕਾਲ ਸੈਂਟਰ ਨੂੰ ਕਾਲ ਕਰਕੇ ਗੁੰਮ ਹੋਏ, ਚੋਰੀ ਹੋਏ ਜਾਂ ਖ਼ਰਾਬ ਹੋਏ ਸਰਟੀਫ਼ਿਕੇਟ ਦੀ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ।

Funded by / Financé par

Immigration, Refugees and Citizenship Canada | Immigration, Réfugiés et Citoyenneté Canada

Ontario